Government of **Western Australia**
Department of **Health**
**WA Cancer and Palliative Care Network**

Punjabi

# Advance Care Planning (ਐਡਵਾਂਸ ਕੇਅਰ ਪਲੇਨਿੰਗ)

## ਮਰੀਜ਼ ਲਈ ਗਾਈਡ

ਪ੍ਰਤੀਰੂਪ 3



ਦੋਭਾਸ਼ੀਆ ਸੇਵਾ

ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਕਿਸੇ ਸਿਹਤ ਸੇਵਾ ਨਾਲ ਗੱਲਬਾਤ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ ਕ੍ਰਿਪਾ ਕਰਕੇ ਦੋਭਾਸ਼ੀਏ ਲਈ ਬਿਨਤੀ ਕਰੋ।

Interpreter

© Department of Health, State of Western Australia (2017).
All information and materials in this Guide are protected by copyright. Copyright resides with the State of Western Australia. Apart from any use permitted by the *Copyright Act 1968* (Cth) the information in this Guide may not be published, or reproduced in any material whatsoever, without express permission of the WA Cancer and Palliative Care Network, Western Australian Department of Health.

ਅਸੀਂ Office of the Public Advocate ਦੀ ਵੈੱਬ-ਸਾਈਟ www.publicadvocate.wa.gov.au ਨੂੰ ਜਾਣਕਾਰੀ ਦੇ ਬਹੁਮੁੱਲਾ ਸਰੋਤ ਦੇ ਰੂਪ ਵਿੱਚ ਮੰਨਦੇ ਹਾਂ।

ਸੁਝਾਅ ਦਿੱਤੇ ਗਏ ਹਵਾਲੇ
Department of Health, Western Australia.
Advance Care Planning: ਮਰੀਜ਼ ਲਈ ਗਾਈਡ। ਪਰਥ: WA Cancer and Palliative Care Network, Department of Health, Western Australia; 2017

ਮਹਤਵਪੂਰਣ ਬੇਦਾਅਵਾ ਬਿਆਨ

ਇਸ ਗਾਈਡ ਵਿੱਚ ਦਿੱਤੀ ਜਾਣਕਾਰੀ ਵਿਆਪਕ ਨਹੀਂ ਹੈ। ਇਸ ਤਰ੍ਹਾਂ, ਸਾਡਾ ਇਹ ਇਰਾਦਾ ਵੀ ਨਹੀਂ ਹੈ, ਨਾ ਹੀ ਇਹ ਹੋਣਾ ਚਾਹੀਦਾ ਹੈ ਕਿ ਕਾਨੂੰਨੀ ਜਾਂ ਹੋਰ ਪੇਸ਼ੇਵਰ ਸਲਾਹ ਦੇ ਵਿਕਲਪ ਦੇ ਰੂਪ ਵਿੱਚ ਤੁਸੀ ਇਸ ਉੱਤੇ ਨਿਰਭਰ ਕਰੋ। ਜੇਕਰ ਤੁਹਾਡੀ ਕੋਈ ਕਾਨੂੰਨੀ ਸਮੱਸਿਆ ਹੈ, ਤਾਂ ਤੁਹਾਨੂੰ ਆਪਣੀ ਖਾਸ ਪਰਿਸਥਿਤੀਆਂ ਦੇ ਲਈ ਸੁਤੰਤਰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

# Advance Care Planning

Advance Care Planning ਮਰੀਜ਼ ਦੀਆਂ ਮਾਨਤਾਵਾਂ, ਵਿਚਾਰ-ਧਾਰਾਵਾਂ, ਇਲਾਜ ਅਤੇ ਦੇਖਰੇਖ ਵਿਕਲਪਾਂ ਬਾਰੇ ਰੋਗੀ ਅਤੇ ਉਸਦੇ ਦੇਖਰੇਖਕਰਤਾਵਾਂ, ਉਸਦੇ ਪਰਿਵਾਰ ਅਤੇ ਸਿਹਤ ਪੇਸ਼ੇਵਰਾਂ ਵਿੱਚਕਾਰ ਲਗਾਤਾਰ ਹੋਣ ਵਾਲੀ ਚਰਚਾ ਹੈ। ਇਹ ਉਸ ਪਰਿਸਥਿਤੀ ਵਿੱਚ ਖਾਸ ਤਰੀਕੇ ਨਾਲ ਮਰੀਜ਼ ਦੇ ਭਵਿੱਖ ਦੇ ਇਲਾਜ ਅਤੇ ਦੇਖਰੇਖ ਲਈ ਉਸਦੀਆਂ ਪ੍ਰਾਥਮਿਕਤਾਵਾਂ ਉੱਤੇ ਧਿਆਨ ਕੇਂਦ੍ਰਿਤ ਕਰਦੀ ਹੈ ਜਦੋਂ ਉਹ ਲੋੜ ਪੈਣ ਤੇ ਆਪਣੇ ਫੈਸਲੇ ਲੈਣ ਜਾਂ ਗੱਲਬਾਤ ਕਰਨ ਵਿੱਚ ਸਮਰੱਥ ਨਹੀਂ ਹੋਣਗੇ।

ਇਹ ਗਾਈਡ Advance Care Planning ਦਾ ਸੰਖੇਪ ਵੇਰਵਾ ਪ੍ਰਦਾਨ ਕਰਦੀ ਹੈ।

# ਵਿਸ਼ਾ-ਵਸਤੂ


ਆਪਣੇ ਨਜ਼ਦੀਕੀ ਕਿਸੇ ਵਿਅਕਤੀ ਨਾਲ ਗੱਲਬਾਤ ਕਰੋ 4

ਆਪਣੇ ਵਿਚਾਰ ਇੱਕਠੇ ਕਰੋ 5

ਆਪਣੇ ਡਾਕਟਰ ਨਾਲ ਗੱਲਬਾਤ ਕਰੋ 6

ਹੋਰ ਲੋਕ ਜੋ ਮਦਦ ਕਰ ਸਕਦੇ ਹਨ 7

ਆਪਣੇ ਵਿਚਾਰਾਂ ਨੂੰ ਲੋਕਾਂ ਦੀ ਜਾਣਕਾਰੀ ਵਿੱਚ ਲਿਆਓ – ਇਨ੍ਹਾਂ ਨੂੰ ਲਿਖਤੀ ਰੂਪ ਦਿਓ 10

ਹੋਰ ਮਾਮਲੇ 13

ਦੂਜਿਆਂ ਨੂੰ ਸੂਚਿਤ ਕਰਨਾ 14

ਗੈਰ-ਤਤਕਾਲੀਨ ਇਲਾਜ ਸੰਬੰਧੀ ਫੈਸਲੇ ਲੈਣ ਦੀ ਪ੍ਰਕ੍ਰਿਆ 15

ਵਧੇਰੀ ਜਾਣਕਾਰੀ 16

ਸ਼ਬਦਾਵਲੀ 17

# ਆਪਣੇ ਨਜ਼ਦੀਕੀ ਕਿਸੇ ਵਿਅਕਤੀ ਨਾਲ ਗੱਲਬਾਤ ਕਰੋ

ਕਈ ਲੋਕਾਂ ਨੂੰ ਜੀਵਨ ਦੇ ਅੰਤ ਜਾਂ ਕਿਸੇ ਅਸਮਰੱਥਾ ਦੀ ਹਾਲਤ ਨਾਲ ਸੰਬੰਧਿਤ ਆਪਣੀ ਪ੍ਰਾਥਮਿਕਤਾਵਾਂ ਬਾਰੇ ਆਪਣੇ ਪਿਆਰੀਆਂ ਨਾਲ ਗੱਲਬਾਤ ਕਰਨਾ ਔਖਾ ਲਗਦਾ ਹੈ। ਸਾਡੇ ਵਿੱਚੋਂ ਜਿਆਦਾਤਰ ਲੋਕਾਂ ਲਈ ਅਸਮਰੱਥਾ ਜਾਂ ਜੀਵਨ ਦੇ ਅੰਤ ਦੀ ਸਥਿਤੀ ਹਮੇਸ਼ਾ ਸਾਡੀ ਉਮੀਦ ਵਾਂਗ ਨਹੀਂ ਹੁੰਦੀ ਹੈ।

ਲੰਮੇ ਸਮੇਂ ਜਾਂ ਜੀਵਨ ਦੇ ਆਖਿਰੀ ਪੜਾਅ ਵਾਲੇ ਕਿਸੇ ਰੋਗ ਦੀ ਸਥਿਤੀ ਅਜਿਹੇ ਫੈਸਲੇ ਲੈਣ ਦੀ ਸਾਡੀ ਸਮਰੱਥਾ ਨੂੰ ਦੂਰ ਕਰ ਸਕਦੀ ਹੈ ਕਿ ਅਸੀਂ ਆਪਣੇ ਅਖੀਰਲੇ ਮਹੀਨੀਆਂ ਅਤੇ ਦਿਨਾਂ ਵਿੱਚ ਆਪਣੇ ਨਾਲ ਕਿਹੋ ਜਿਹਾ ਵਿਹਾਰ ਚਾਹੁੰਦੇ ਹਾਂ, ਇਸਲਈ ਆਪਣੇ ਨਜ਼ਦੀਕੀ ਲੋਕਾਂ ਨੂੰ ਪਹਿਲਾਂ ਤੋਂ ਹੀ ਆਪਣੀ ਪ੍ਰਾਥਮਿਕਤਾਵਾਂ ਦੀ ਜਾਣਕਾਰੀ ਦੇਣਾ ਮਹੱਤਵਪੂਰਣ ਹੁੰਦਾ ਹੈ।

ਅਜਿਹਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਆਪਣੀ ਦੇਖਰੇਖ ਅਤੇ ਆਪਣੇ ਇਲਾਜ ਨਾਲ ਜੁੜੀ ਪ੍ਰਾਥਮਿਕਤਾਵਾਂ ਬਾਰੇ ਆਪਣੇ ਕਿਸੇ ਨਜ਼ਦੀਕੀ ਵਿਅਕਤੀ ਨਾਲ ਗੱਲਬਾਤ ਕਰਨਾ ਹੈ, ਜਿਵੇਂ ਕਿ ਪਾਰਟਨਰ (ਪਤੀ/ਪਤਨੀ), ਰਿਸ਼ਤੇਦਾਰ ਅਤੇ ਦੋਸਤ-ਮਿੱਤਰ।

ਇਸ ਸੰਬੰਧੀ ਤੁਹਾਡੇ ਵਿਚਾਰ ਸਪੱਸ਼ਟ ਹੋ ਸਕਦੇ ਹਨ ਕਿ ਤੁਸੀ ਕੀ ਚਾਹੁੰਦੇ ਹਨ ਕਿ ਉਸ ਸਮੇਂ ਕੀ ਕੀਤਾ ਜਾਵੇ। ਇਸ ਸੰਬੰਧ ਵਿੱਚ ਵਿਚਾਰ ਕਰਨ ਲਈ ਕੁੱਝ ਸਵਾਲ ਹੇਠਾਂ ਦਿੱਤੇ ਗਏ ਹਨ:

- ਤੁਸੀਂ ਕਿਸ ਤਰ੍ਹਾਂ ਦੀ ਦੇਖਰੇਖ ਪਸੰਦ ਕਰੋਗੇ ਜਾਂ ਕਿਸ ਤਰ੍ਹਾਂ ਦੀ ਦੇਖਰੇਖ ਨੂੰ ਨਾਪਸੰਦ ਕਰੋਗੇ?
- ਜੇਕਰ ਤੁਹਾਡਾ ਦਿਲ ਕੰਮ ਕਰਨਾ ਬੰਦ ਕਰ ਦਿੰਦਾ ਹੈ ਜਾਂ ਤੁਹਾਨੂੰ ਸਾਹ ਆਉਣਾ ਬੰਦ ਹੋ ਜਾਂਦਾ ਹੈ ਤਾਂ ਕੀ ਤੁਸੀਂ ਚਾਹੋਗੇ ਕਿ ਤੁਹਾਨੂੰ ਮੁੜ ਜੀਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ?
- ਤੁਸੀਂ ਆਪਣੀ ਦੇਖਰੇਖ ਕਿੱਥੇ ਕਰਾਉਣੀ ਪਸੰਦ ਕਰੋਗੇ?
- ਕੀ ਕੋਈ ਖਾਸ ਚੀਜ਼ ਹੈ ਜਿਸਨੂੰ ਤੁਸੀਂ ਆਪਣੇ ਕੋਲ ਰੱਖਣਾ ਪਸੰਦ ਕਰੋਗੇ?
- ਕੀ ਕੋਈ ਅਜਿਹੀ ਵਸਤੂ ਜਾਂ ਕੋਈ ਅਜਿਹਾ ਵਿਅਕਤੀ ਹੈ ਜਿਸਨੂੰ ਤੁਸੀਂ ਆਪਣੇ ਕੋਲ ਰੱਖਣਾ ਪਸੰਦ ਨਹੀਂ ਕਰੋਗੇ?

ਆਪਣੇ ਪਿਆਰੀਆਂ ਨਾਲ ਗੱਲਬਾਤ ਕਰਦੇ ਸਮੇਂ ਕਈ ਵਿਚਾਰ ਅਤੇ ਭਾਵਨਾਵਾਂ ਸਾਮ੍ਹਣੇ ਆ ਸਕਦੀਆਂ ਹਨ। ਅਜਿਹੀ ਸਥਿਤੀ ਵਿੱਚ ਦੋਵੇਂ ਗੱਲਾਂ ਹੋ ਸਕਦੀਆਂ ਹਨ – ਤੁਹਾਨੂੰ ਪਰੇਸ਼ਾਨੀ ਵੀ ਹੋ ਸਕਦੀ ਹੈ ਜਾਂ ਇਹ ਸੁਵਿਧਾਜਨਕ ਵੀ ਸਾਬਿਤ ਹੋ ਸਕਦਾ ਹੈ।

ਜੋ ਮੁੱਦੇ ਤੁਹਾਨੂੰ ਔਖੇ ਲਗਦੇ ਹੋਣ, ਉਨ੍ਹਾਂ ਬਾਰੇ ਗੱਲ ਕਰਨ ਤੋਂ ਬਚਨਾ ਸੁਭਾਵਿਕ ਹੈ, ਹਾਲਾਂਕਿ ਇਹਨਾਂ ਗੱਲਾਂ ਬਾਰੇ ਗੱਲਬਾਤ ਕਰਨ ਦਾ ਸਮਾਂ ਅੰਤ ਵਿੱਚ ਆ ਹੀ ਜਾਂਦਾ ਹੈ। ਹਾਲਾਂਕਿ ਬਚਾਵ ਤੋਂ ਥੋੜ੍ਹੇ ਸਮੇਂ ਲਈ ਆਰਾਮ ਮਿਲ ਸਕਦਾ ਹੈ, ਪਰ ਅੰਤ ਵਿੱਚ ਇਸ ਨਾਲ ਤੁਹਾਡੇ, ਤੁਹਾਡੇ ਪਰਿਵਾਰ ਦੇ ਜੀਆਂ ਅਤੇ ਦੋਸਤਾਂ ਲਈ ਚਿੰਤਾ ਦੇ ਵਧਣ ਦੀ ਸੰਭਾਵਨਾ ਹੋਵੇਗੀ। ਜੇਕਰ ਤੁਹਾਡੇ ਕਰੀਬੀ ਲੋਕਾਂ ਨੂੰ ਤੁਹਾਡੀ ਜ਼ਿੰਦਗੀ ਨਾਲ ਜੁੜੇ ਉਹ ਵੱਡੇ ਫ਼ੈਸਲੇ ਲੈਣੇ ਪੈਣ ਜਿਨ੍ਹਾਂ ਕਰਕੇ ਤੁਹਾਡੇ ਜੀਵਨ ਤੇ ਅਸਰ ਪੈਂਦਾ ਹੈ, ਤਾਂ ਇਹ ਉਨ੍ਹਾਂ ਲਈ ਬਹੁਤ ਤਣਾਅ ਭੱਰੀ ਸਥਿਤੀ ਹੋ ਸਕਦੀ ਹੈ। ਤੁਸੀਂ ਅਸਲ ਵਿੱਚ ਚਾਹੁੰਦੇ ਕੀ ਹੋ - ਇਸ ਸੰਬੰਧੀ ਉਨ੍ਹਾਂ ਦਾ ਮਾਰਗਦਰਸ਼ਨ ਕਰੋ।

ਅਜਿਹਾ ਸਮਾਂ ਵੀ ਆ ਸਕਦਾ ਹੈ ਜਦੋਂ ਤੁਸੀਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਦੱਸ ਨਹੀਂ ਸਕੋਗੇ। ਇਸਲਈ ਆਪਣੇ ਪਿਆਰੀਆਂ ਨੂੰ ਹੁਣੇ ਦੱਸੋ ਤਾਂਜੋ ਇਹ ਕੰਮ ਤੁਹਾਡੇ ਅਤੇ ਉਨ੍ਹਾਂ ਲਈ ਸੌਖਾ ਹੋ ਜਾਵੇ।

# ਆਪਣੇ ਵਿਚਾਰ ਇੱਕਠੇ ਕਰੋ

ਦੇਖਰੇਖ ਲਈ ਆਪਣੇ ਸਾਰੇ ਵਿਕਲਪਾਂ ਦੀ ਖੋਜ ਕਰੋ ਅਤੇ ਸਾਰੀਆਂ ਪਰਿਸਥਿਤੀਆਂ ਉੱਤੇ ਵਿਚਾਰ ਕਰੋ। ਉਦਾਹਰਣ ਦੇ ਲਈ, ਜੇਕਰ ਤੁਹਾਡੀ ਹਾਲਤ ਖ਼ਰਾਬ ਹੋ ਜਾਂਦੀ ਹੈ ਤਾਂ ਘਰ ਵਿੱਚ ਤੁਹਾਡੀ ਦੇਖਰੇਖ ਕਰਨਾ ਸੰਭਵ ਨਹੀਂ ਹੋਵੇਗਾ। ਇਸਲਈ ਤੁਸੀਂ ਸ਼ਾਇਦ ਆਪਣਾ ਇਲਾਜ ਕਰਨ ਵਾਲੇ ਸਿਹਤ- ਪੇਸ਼ੇਵਰਾਂ, Enduring Guardian ਜਾਂ ਪਰਿਵਾਰ ਨਾਲ ਸਲਾਹ ਕਰਕੇ ਆਪਣੇ ਲਈ ਉਪਲੱਬਧ ਵਿਕਲਪਾਂ ਦਾ ਪਤਾ ਲਗਾਉਣਾ ਚਾਹ ਸੱਕਦੇ ਹੋ।

ਤੁਹਾਡੀ ਕੁਝ ਪ੍ਰਾਥਮਿਕਤਾਵਾਂ ਆਪਣੀ ਡਾਕਟਰੀ ਦੇਖਰੇਖ ਬਾਰੇ ਵੀ ਹੋਣਗੀਆਂ ਅਤੇ ਹੋਰ ਪ੍ਰਾਥਮਿਕਤਾਵਾਂ ਦੂਜੇ ਨਿਜੀ ਮਾਮਲਿਆਂ ਬਾਰੇ ਹੋਣਗੀਆਂ।

ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਲਈ ਕੁਝ ਹੇਠਾਂ ਦਿੱਤੇ ਉਦਾਹਰਨ ਹੋ ਸਕਦੇ ਹਨ:

- ਇਸ ਸੰਬੰਧੀ ਤੁਹਾਡਾ ਫੈਸਲਾ ਕਿ ਕੀ ਤੁਸੀਂ ਘਰ ਵਿੱਚ, ਹਸਪਤਾਲ, ਨਰਸਿੰਗ ਹੋਮ ਜਾਂ ਕਿਸੇ ਧਰਮਸ਼ਾਲਾ ਵਿੱਚ ਦੇਖਰੇਖ ਕਰਾਉਣਾ ਚਾਹੁੰਦੇ ਹੋ
- ਜਦੋਂ ਤੁਸੀਂ ਸਮੱਰਥਾ ਗੁਆ ਬੈਠਦੇ ਹੋ ਜਾਂ ਜੀਵਨ ਦੇ ਅੰਤ ਦੇ ਕਰੀਬ ਆ ਰਹੇ ਹੁੰਦੇ ਹੋ, ਤਾਂ ਤੁਸੀਂ ਕੀ ਚਾਹੁੰਦੇ ਹੋ ਕਿ ਤੁਹਾਨੂੰ ਮਿਲਣ ਕੌਣ-ਕੌਣ ਆਵੇ
- ਤੁਸੀਂ ਆਪਣੀ ਦੇਖਰੇਖ ਵਿੱਚ ਆਪਣੇ ਧਾਰਮਿਕ ਜਾਂ ਅਧਿਆਤਮਿਕ ਵਿਚਾਰ-ਧਾਰਾਵਾਂ ਨੂੰ ਕਿਵੇਂ ਦਰਸਾਉਣਾ ਚਾਹੁੰਦੇ ਹੋ
- ਤੁਹਾਡੀ ਸੁਵਿਧਾ – ਉਦਾਹਰਨ ਲਈ, ਕੀ ਤੁਸੀਂ ਇਸ਼ਨਾਲ ਕਰਨਾ ਪਸੰਦ ਕਰਦੇ ਹੋ ਜਾਂ ਸ਼ਾਵਰ ਲੈਣਾ, ਜਾਂ ਫਿਰ ਲਾਈਟ ਜਲਾ ਕੇ ਸੋਣਾ ਪਸੰਦ ਕਰਦੇ ਹੋ ਜਾਂ ਬੰਦ ਕਰਕੇ
- ਵਿਵਹਾਰਕ ਚਿੰਤਾਵਾਂ ਲਈ ਸਮਾਧਾਨ, ਜਿਵੇਂ ਕਿ ਤੁਹਾਡੇ ਪਾਲਤੂ ਜਾਨਵਰ ਦੀ ਦੇਖਰੇਖ ਕੌਣ ਕਰੇਗਾ
- ਵਸੀਅਤ ਬਣਾਉਣਾ ਅਤੇ/ਜਾਂ ਇਸਨੂੰ ਜਿਸ ਥਾਂ ਤੇ ਰੱਖਿਆ ਗਿਆ ਹੈ, ਉਹ ਦੱਸਣਾ
- ਅੰਤਿਮ ਸੰਸਕਾਰ ਸੰਬੰਧੀ ਪ੍ਰਬੰਧਾਂ ਲਈ ਕਿਸੇ ਵੇਰਵੇ ਜਾਂ ਪ੍ਰਾਥਮਿਕਤਾਵਾਂ ਬਾਰੇ ਦੱਸਣਾ
- ਜਦੋਂ ਤੁਸੀਂ ਸਮੱਰਥਾ ਗੁਆ ਬੈਠਦੇ ਹੋ ਜਾਂ ਜੀਵਨ ਦੇ ਅੰਤ ਦੇ ਕਰੀਬ ਆ ਰਹੇ ਹੁੰਦੇ ਹੋ ਤਾਂ ਤੁਸੀਂ ਆਪਣੇ ਆਲੇ-ਦੁਆਲੇ ਕੀ ਰੱਖਣਾ ਚਾਹੁੰਦੇ ਹੋ
  - ਪਸੰਦੀਦਾ ਫੋਟੋ
  - ਕਪੜੇ ਜਾਂ ਤੁਹਾਡੇ ਲਈ ਮਹਤਵਪੂਰਣ ਪਰਿਵਾਰਿਕ ਜਾਂ ਪਸੰਦੀਦਾ ਚੀਜ਼ਾਂ
  - ਆਪਣੀ ਪਸੰਦ ਦਾ ਗਾਣਾ ਵਜਾਇਆ ਜਾਣਾ।
- ਪਰਿਵਾਰ ਅਤੇ ਦੋਸਤਾਂ ਲਈ ਨਿਜੀ ਸੰਦੇਸ਼
- ਇਲਾਜ ਸੰਬੰਧੀ ਫੈਸਲੇ ਜੋ ਤੁਹਾਨੂੰ ਸਵੀਕਾਰ ਹਨ ਅਤੇ ਜੋ ਤੁਹਾਨੂੰ ਸਵੀਕਾਰ ਨਹੀਂ ਹਨ
- ਉਹ ਚੀਜ਼ਾਂ ਜੋ ਤੁਸੀਂ ਨਹੀਂ ਚਾਹੁੰਦੇ ਹੋ।

ਇਹ ਸਮਾਂ ਰੁਕ ਕੇ, ਸੋਚਣ ਅਤੇ ਗੱਲਬਾਤ ਕਰਨ ਦਾ ਹੈ। ਆਪਣੇ ਸਿਹਤ-ਪੇਸ਼ੇਵਰਾਂ, ਪਰਿਵਾਰ ਅਤੇ ਦੋਸਤਾਂ ਜਾਂ ਤੁਹਾਡੇ ਅਧਿਆਤਮਿਕ ਸਲਾਹਕਾਰ, ਕੌਂਸਲਰ, ਸਹਾਇਤਾ ਸਮੂਹ ਜਾਂ ਇੰਟਰਨੇਟ ਵਰਗੇ ਹੋਰ ਮਾਧਿਅਮਾਂ ਤੋਂ ਜਾਣਕਾਰੀ ਇਕੱਠੀ ਕਰਨਾ ਮਦਦਗਾਰ ਸਾਬਤ ਹੋ ਸਕਦਾ ਹੈ।

# ਆਪਣੇ ਡਾਕਟਰ ਨਾਲ ਗੱਲਬਾਤ ਕਰੋ

ਤੁਸੀਂ ਆਪਣੇ ਪਰਿਵਾਰ, ਦੋਸਤਾਂ ਅਤੇ/ਜਾਂ Enduring Guardian ਨਾਲ ਚਰਚਾ ਕਰ ਲਈ ਹੈ ਅਤੇ ਤੁਸੀਂ ਆਪਣੀ ਪ੍ਰਾਥਮਿਕਤਾਵਾਂ ਦੱਸ ਦਿੱਤੀਆਂ ਹਨ। ਹੁਣ ਤੁਹਾਨੂੰ ਆਪਣੀ ਪ੍ਰਾਥਮਿਕਤਾਵਾਂ ਨੂੰ ਆਪਣੇ ਡਾਕਟਰ ਅਤੇ/ਜਾਂ ਤੁਹਾਡਾ ਇਲਾਜ ਕਰਨ ਵਾਲੇ ਹੋਰ ਸਿਹਤ- ਪੇਸ਼ੇਵਰਾਂ ਨੂੰ ਦੱਸਣ ਦੀ ਲੋੜ ਹੈ।

ਆਪਣਾ ਇਲਾਜ ਕਰਨ ਵਾਲੇ ਸਿਹਤ-ਪੇਸ਼ੇਵਰਾਂ ਨਾਲ ਬਿਲਕੁਲ ਖੁੱਲ ਕੇ ਰਹੋ। ਉਹ ਤੁਹਾਡੀ ਮਦਦ ਲਈ ਹਨ ਅਤੇ ਉਹ ਭਵਿੱਖ ਦੀ ਤੁਹਾਡੀ ਦੇਖਰੇਖ ਬਾਰੇ ਸਪੱਸ਼ਟ ਨਿਰਦੇਸ਼ਾਂ ਦਾ ਸਵਾਗਤ ਕਰਨਗੇ। ਜੇਕਰ ਤੁਸੀਂ ਚਾਹੋ ਤਾਂ ਸਮਰਥਨ ਲਈ ਕਿਸੇ ਵਿਅਕਤੀ ਨੂੰ ਆਪਣੇ ਨਾਲ ਲੈ ਜਾ ਸੱਕਦੇ ਹੋ।

ਜੇਕਰ ਤੁਹਾਨੂੰ ਪਹਿਲਾਂ ਤੋਂ ਇਸ ਗੱਲ ਦੀ ਜਾਣਕਾਰ ਨਹੀਂ ਹੈ ਤਾਂ ਆਪਣਾ ਇਲਾਜ ਕਰਨ ਵਾਲੇ ਸਿਹਤ-ਪੇਸ਼ੇਵਰ/ਰਾਂ ਤੋਂ ਇਹ ਪਤਾ ਲਗਾਓ ਕਿ ਤੁਹਾਡੀ ਬੀਮਾਰੀ ਦਾ ਕੀ ਮਤਲਬ ਹੈ।

ਆਪਣੀ ਬੀਮਾਰੀ ਦੇ ਸੰਬੰਧ ਵਿੱਚ ਵਿਚਾਰ ਕਰਨ ਲਈ ਕੁਝ ਸਵਾਲ:

- ਇਹ ਤੁਹਾਨੂੰ ਕਿਵੇਂ ਪ੍ਰਭਾਵਿਤ ਕਰੇਗੀ?
- ਕਿਸੇ ਵੀ ਸੰਭਾਵੀ ਇਲਾਜ ਦੇ ਅਸਰ ਕੀ ਹੋਣਗੇ?
- ਕਿਸ ਤਰ੍ਹਾਂ ਦੀ ਪੈਲੀਐਟਿਵ ਕੇਅਰ ਉਪਲਬਧ ਹੋਵੇਗੀ?

ਇਹ ਸਮਾਂ ਹੈ ਜਦੋਂ ਤੁਹਾਨੂੰ ਆਪਣਾ ਇਲਾਜ ਕਰਨ ਵਾਲੇ ਸਿਹਤ-ਪੇਸ਼ੇਵਰ/ਰਾਂ ਨੂੰ ਆਪਣੇ ਵਿਚਾਰ ਅਤੇ ਆਪਣੀਆਂ ਭਾਵਨਾਵਾਂ ਅਤੇ ਇਲਾਜ ਦੇ ਉਪਲਬਧ ਵਿਕਲਪਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਜਿਵੇਂ ਕਿ:

- ਜੇਕਰ ਤੁਹਾਡਾ ਦਿਲ ਕੰਮ ਕਰਨਾ ਬੰਦ ਕਰ ਦਿੰਦਾ ਹੈ ਤਾਂ ਕੀ ਤੁਸੀਂ ਚਾਹੋਗੇ ਕਿ ਤੁਹਾਨੂੰ ਮੁੜ ਜੀਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ?
- ਕੀ ਤੁਸੀਂ ਡ੍ਰਿਪ ਰਾਹੀਂ ਤਰਲ ਪਦਾਰਥਾਂ ਦਾ ਸੇਵਨ ਕਰਨਾ ਜਾਂ ਇਨ੍ਹਾਂ ਨੂੰ ਪ੍ਰਾਪਤ ਕਰਨਾ ਚਾਹੋਗੇ?
- ਕੀ ਤੁਸੀਂ ਆਪਣੇ ਅੰਗ ਦਾਨ ਕਰੋਗੇ?

**ਹੁਣ ਸਮਾਂ ਇਨ੍ਹਾਂ ਬਾਰੇ ਗੱਲਬਾਤ ਕਰਨ ਅਤੇ ਯੋਜਨਾ ਬਣਾਉਣ ਦਾ ਹੈ**

# ਹੋਰ ਲੋਕ ਜੋ ਮਦਦ ਕਰ ਸਕਦੇ ਹਨ

ਤੁਸੀਂ ਕਿਸੇ ਸਿਹਤ-ਪੇਸ਼ੇਵਾਰ ਨਾਲ ਗੱਲਬਾਤ ਕਰਕੇ ਜਾਂ ਉਪਯੋਗੀ ਵੈੱਬ-ਸਾਈਟਾਂ ਦੇ ਮਾਧਿਅਮ ਰਾਹੀਂ Advance Care Planning ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਕਦੇ-ਕਦੇ ਤੁਹਾਡੇ ਲਈ Advance Care Planning ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਵੱਖਰਾ ਦਰਿਸ਼ਟੀਕੋਣ ਉਪਯੋਗੀ ਸਾਬਿਤ ਹੋ ਸਕਦਾ ਹੈ।

ਕੁਝ ਲਾਭਦਾਇਕ ਸੰਸਥਾਵਾਂ ਹਨ:

## Office of Multicultural Interest

Gordon Stephenson House
140 William Street,
PERTH WA 6000
ਟੈਲੀਫੋਨ: (08) 6551 8700
Translating and Interpreting Service (TIS)
ਟੈਲੀਫੋਨ: 13 14 50
ਈ-ਮੇਲ: harmony@omi.wa.gov.au
ਵੈੱਬ-ਸਾਈਟ: www.omi.wa.gov.au

## Carers WA

182 Lord Street, PERTH WA 6000
ਟੈਲੀਫੋਨ: (08) 1300 227 377
ਈ-ਮੇਲ: info@carerswa.asn.au
ਵੈੱਬ-ਸਾਈਟ: www.carersaustralia.com.au

## Palliative Care WA Inc

15 Bedbrook Place, SHENTON PARK WA 6008
ਟੈਲੀਫੋਨ: 1300 551 704
ਈ-ਮੇਲ: pcwainc@palliativecarewa.asn.au
ਵੈੱਬ-ਸਾਈਟ: www.palliativecarewa.asn.au

## Cancer Council WA

420 Bagot Road, SUBIACO WA 6008
ਟੈਲੀਫੋਨ: 13 11 20
ਵੈੱਬ-ਸਾਈਟ: www.cancerwa.asn.au

## Health Consumers’ Council Western Australia

Unit 6 Wellington Fair, 40 Lord Street,
EAST PERTH WA 6004
ਟੈਲੀਫੋਨ: 1800 620 780
ਈ-ਮੇਲ: info@hconc.org.au
ਵੈੱਬ-ਸਾਈਟ: www.hconc.org.au

## Organ Donation

DonateLife Western Australia
Suite 3, 311 Wellington Street,
PERTH WA 6000
ਟੈਲੀਫੋਨ: (08) 9222 0222
ਈ-ਮੇਲ: donatelife@health.wa.gov.au
ਵੈੱਬ-ਸਾਈਟ: www.donatelife.gov.au

## Ethnic Disability Advocacy Centre

320 Rokeby Road
SUBIACO WA 6008
ਟੈਲੀਫੋਨ: (08) 9388 7455
ਮੁਫਤ ਕਾਲ: 1800 659 921
ਈ-ਮੇਲ: admin@edac.org.au
ਵੈੱਬ-ਸਾਈਟ: www.edac.org.au



# ਆਪਣੇ ਵਿਚਾਰਾਂ ਨੂੰ ਲੋਕਾਂ ਦੀ ਜਾਣਕਾਰੀ ਵਿੱਚ ਲਿਆਓ – ਇਨ੍ਹਾਂ ਨੂੰ ਲਿਖਤੀ ਰੂਪ ਦਿਓ

ਭਵਿੱਖ ਵਿੱਚ ਇਲਾਜ, ਦੇਖਰੇਖ ਅਤੇ ਨਿਜੀ ਮਾਮਲਿਆਂ ਨੂੰ ਲੈ ਕੇ ਆਪਣੀਆਂ ਪ੍ਰਾਥਮਿਕਤਾਵਾਂ ਬਾਰੇ ਸਪੱਸ਼ਟ ਹੋਣ ਦੇ ਬਾਅਦ, ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਇਨ੍ਹਾਂ ਨੂੰ ਲਿਖਤੀ ਰੂਪ ਦਿਓ।

Advance Care Planning ਪ੍ਰਕ੍ਰਿਆ ਤੋਂ ਇਸ ਗੱਲ ਦੀ ਪਛਾਣ ਹੋ ਸਕਦੀ ਹੈ ਕਿ ਕਈ ਵੱਖ-ਵੱਖ ਦਸਤਾਵੇਜ਼ ਪੂਰੇ ਕੀਤੇ ਜਾਣੇ ਚਾਹੀਦੇ ਹਨ ਤਾਂਜੋ ਤੁਹਾਡੀਆਂ ਪ੍ਰਾਥਮਿਕਤਾਵਾਂ ਨੂੰ ਠੀਕ ਕੀਤਾ ਜਾ ਸਕੇ ਅਤੇ ਸਮਾਂ ਆਉਣ ਤੇ ਇਨ੍ਹਾਂ ਦੀ ਪਾਲਣਾ ਕੀਤੀ ਜਾ ਸਕੇ (ਜਾਂ ਕੀਤੀ ਜਾਵੇ)।

ਤੁਹਾਡੇ ਮਾਮਲੇ ਵਿੱਚ ਹੇਠਾਂ ਵਿਚੋਂ ਕਿਹੜੀ ਲੋੜੀਂਦਾ ਹੋ ਸਕਦੀ ਹੈ, ਇਸ ਉੱਤੇ ਵਿਚਾਰ ਕਰੋ।

## Advance Health Directive

Advance Heath Directive (AHD) ਇੱਕ ਅਜਿਹਾ ਫਾਰਮ ਹੈ ਜਿਸਨੂੰ ਕਾਨੂੰਨ (Guardianship and Administration Act 1990 ਦੇ ਅਧੀਨ) ਵਿੱਚ ਮਾਨਤਾ ਪ੍ਰਾਪਤ ਹੈ ਅਤੇ ਇਸ ਵਿੱਚ ਜੀਵਨ-ਨਿਰੰਤਰਤਾ ਸੰਬੰਧੀ ਉਪਾਵਾਂ ਅਤੇ ਪੈਲਿਅਟਿਵ ਕੇਅਰ ਸਮੇਤ ਖਾਸ ਸਿਹਤ ਦੇਖਰੇਖ ਇਲਾਜ ਜਾਂ ਪ੍ਰਕ੍ਰਿਆਵਾਂ ਲਈ ਸਹਿਮਤੀ ਪ੍ਰਦਾਨ ਕਰਨ ਜਾਂ ਇਸਨੂੰ ਰੋਕੇ ਰੱਖਣ ਲਈ ਕਿਸੇ ਵਿਅਕਤੀ ਦੇ ਫੈਸਲੇ ਸ਼ਾਮਿਲ ਹੁੰਦੇ ਹਨ।

AHD ਬਣਾਉਣ ਲਈ ਇਹ ਲਾਜ਼ਮੀ ਹੈ ਕਿ:

- ਤੁਹਾਡੀ ਉਮਰ 18 ਸਾਲ ਜਾਂ ਇਸਤੋਂ ਵੱਧ ਹੈ
- ਤੁਹਾਨੂੰ ਪੂਰੀ ਕਾਨੂੰਨੀ ਸਮਰੱਥਾ ਪ੍ਰਾਪਤ ਹੈ। AHD ਵਿੱਚ ਸ਼ਾਮਿਲ ਇਲਾਜ ਸੰਬੰਧੀ ਫ਼ੈਸਲੇ ਕੇਵਲ ਉਦੋਂ ਲਾਗੂ ਹੋਣਗੇ ਜਦੋਂ ਤੁਸੀ ਉਸ ਪਰਿਸਥਿਤੀ ਵਿੱਚ ਆਪਣੇ ਇਲਾਜ ਨਾਲ ਸੰਬੰਧਿਤ ਉਚਿਤ ਫ਼ੈਸਲਾ ਲੈਣ ਵਿੱਚ ਅਸਮਰਥ ਹੋਵੇ ਜਦੋਂ ਉਪਚਾਰ ਸਬੰਧੀ ਫ਼ੈਸਲਾ ਲੈਣ ਦੀ ਲੋੜ ਹੁੰਦੀ ਹੈ। ਇਨ੍ਹਾਂ ਪਰੀਸਥਤੀਆਂ ਵਿੱਚ ਅਤੇ ਨਾਲ ਹੀ ਕੁੱਝ ਹੋਰ ਸੀਮਾਵਾਂ ਅਨੁਸਾਰ, ਸਿਹਤ-ਪੇਸ਼ੇਵਰਾਂ ਨੂੰ AHD ਵਿੱਚ ਦਿੱਤੀਆਂ ਤੁਹਾਡੀਆਂ ਪ੍ਰਾਥਮਿਕਤਾਵਾਂ ਮੁਤਾਬਕ ਇਲਾਜ ਕਰਨਾ ਜਾਂ ਰੋਕਨਾ ਚਾਹੀਦਾ ਹੈ।

ਜੇਕਰ ਤੁਸੀਂ ਕਾਨੂੰਨੀ ਤੌਰ ਤੇ ਬੱਝਵੇਂ ਇਲਾਜ ਸੰਬੰਧੀ ਫੈਸਲੇ ਲੈਣਾ ਚਾਹੁੰਦੇ ਹੋ, ਤਾਂ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ AHD ਬਣਾ ਲਵੋ।

AHD ਬਣਾਉਣ ਲਈ, ਤੁਸੀਂ ਹੇਠਾਂ ਦਿੱਤੇ ਤਰੀਕਿਆਂ ਰਾਹੀਂ ਇੱਕ ਫਾਰਮ ਪ੍ਰਾਪਤ ਕਰ ਸਕਦੇ ਹੋ:

1. ਫਾਰਮ ਡਾਉਨਲੋਡ ਕਰਕੇ ਪ੍ਰਿੰਟ ਕਰੋ www.health.wa.gov.au/advancecareplanning

2. ਈ-ਮੇਲ: acp@health.wa.gov.au

ਵਿਕਲਪਿਕ ਤੌਰ ਤੇ, ਤੁਸੀਂ ਫਾਰਮ ਦੀ ਕਾਪੀ ਪ੍ਰਾਪਤ ਕਰਨ ਜਾਂ ਵਧੇਰੀ ਜਾਣਕਾਰੀ ਲਈ, Department of Health ਦੇ WA Cancer and Palliative Care Network (WACPCN) ਨਾਲ ਸੰਬੰਧਿਤ ਕਿਸੇ ਵਿਅਕਤੀ ਨਾਲ **(08) 9222 2300** ਤੇ ਗੱਲ ਕਰ ਸਕਦੇ ਹੋ।

# Enduring Power of Guardianship

ਇੱਕ ਹੋਰ ਵਿਕਲਪ ਜਿਸਤੇ ਤੁਸੀਂ ਵਿਚਾਰ ਕਰਨਾ ਪਸੰਦ ਕਰ ਸੱਕਦੇ ਹੋ, ਉਹ ਹੈ - Enduring Power of Guardianship (EPG)। EPG ਸਰਪਰ੍ਸਤੀ ਦੀ ਸ਼ਕਤੀ ਅਤੇ ਉਸ ਸ਼ਕਤੀ ਨੂੰ ਆਧਿਕਾਰਿਕ ਰੂਪ ਨਾਲ ਰਿਕਾਰਡ ਕਰਨ ਵਾਲੇ ਫ਼ਾਰਮ ਦਾ ਹਵਾਲਾ ਦਿੰਦਾ ਹੈ, ਜਿਸਨੂੰ ਕਨੂੰਨ (Guardianship and Administration Act 1990 ਦੇ ਅਧੀਨ) ਦੇ ਮੁਤਾਬਕ ਮਾਨਤਾ ਪ੍ਰਾਪਤ ਹੈ। EPG ਤੁਹਾਡੇ ਦੁਆਰਾ ਚੋਣ ਕੀਤੇ ਵਿਅਕਤੀ ਨੂੰ ਉਸ ਪਰਿਸਥਿਤੀ ਵਿੱਚ ਤੁਹਾਡੇ ਵਲੋਂ ਮਹੱਤਵਪੂਰਣ ਨਿਜੀ, ਜੀਵਨ-ਸ਼ੈਲੀ ਅਤੇ ਇਲਾਜ ਸਬੰਧੀ ਫ਼ੈਸਲੇ ਲੈਣ ਦਾ ਅਧਿਕਾਰ ਦਿੰਦੀ ਹੈ ਜਦੋਂ ਤੁਸੀ ਆਪਣੇ ਆਪ ਅਜਿਹੇ ਫ਼ੈਸਲੇ ਲੈਣ ਵਿੱਚ ਅਸਮਰਥ ਹੋ ਜਾਂਦੇ ਹੋ। ਇਸ ਵਿਅਕਤੀ ਨੂੰ Enduring Guardian ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਉਦਾਹਰਨ ਲਈ, ਤੁਸੀਂ ਕਿਸੇ Enduring Guardian ਨੂੰ ਇਹ ਅਧਿਕਾਰ ਦੇਣਾ ਪਸੰਦ ਕਰ ਸਕਦੇ ਹੋ ਕਿ ਉਹ ਇਨ੍ਹਾਂ ਕੰਮਾਂ ਨਾਲ ਸੰਬੰਧਿਤ ਫੈਸਲੇ ਲੈ ਸਕੇ ਕਿ ਤੁਸੀਂ ਕਿੱਥੇ ਰਹੋਗੇ, ਤੁਹਾਨੂੰ ਕਿਹੜੀਆਂ ਸਹਾਇਤਾ ਸੇਵਾਵਾਂ ਤਕ ਪਹੁੰਚ ਪ੍ਰਾਪਤ ਹੋਵੇਗੀ ਅਤੇ ਤੁਹਾਨੂੰ ਕਿਸ ਤਰ੍ਹਾਂ ਦਾ ਇਲਾਜ ਮਿਲੇਗਾ।

Enduring Guardian ਨੂੰ ਤੁਹਾਡੇ ਵਲੋਂ ਸੰਪਤੀ ਜਾਂ ਵਿਤੀ ਫੈਸਲੇ ਲੈਣ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ ਹੈ; ਇਨ੍ਹਾਂ ਚੀਜ਼ਾਂ ਦਾ ਨਿਪਟਾਰਾ Enduring Power of Attorney (ਹੇਠਾਂ ਵੇਖੋ) ਦੇ ਤਹਿਤ ਕੀਤਾ ਜਾ ਸਕਦਾ ਹੈ।

EPG ਬਣਾਉਣ ਲਈ ਇਹ ਜ਼ਰੂਰੀ ਹੈ ਕਿ:

- ਤੁਹਾਡੀ ਉਮਰ 18 ਸਾਲ ਜਾਂ ਇਸਤੋਂ ਵੱਧ ਹੈ
- ਤੁਹਾਨੂੰ ਪੂਰੀ ਕਾਨੂੰਨੀ ਸਮਰੱਥਾ ਪ੍ਰਾਪਤ ਹੈ।

ਜਿਸ ਵਿਅਕਤੀ ਨੂੰ ਤੁਸੀਂ ਆਪਣਾ Enduring Guardian ਨਿਯੁਕਤ ਕਰਦੇ ਹੋ, ਇਹ ਜ਼ਰੂਰੀ ਹੈ ਕਿ ਉਸ ਵਿਅਕਤੀ ਦੀ ਉਮਰ ਵੀ 18 ਸਾਲ ਜਾਂ ਇਸਤੋਂ ਵੱਧ ਹੈ ਅਤੇ ਉਸਨੂੰ ਪੂਰੀ ਕਾਨੂੰਨੀ ਸਮਰੱਥਾ ਪ੍ਰਾਪਤ ਹੈ।

ਤੁਸੀ ਸੰਯੁਕਤ Enduring Guardians ਦੇ ਤੌਰ ‘ਤੇ ਇੱਕ ਤੋਂ ਜਿਆਦਾ Enduring Guardian ਨਿਯੁਕਤ ਕਰ ਸੱਕਦੇ ਹੋ, ਪਰ ਉਨ੍ਹਾਂ ਨੂੰ ਸੰਯੁਕਤ ਰੂਪ ਨਾਲ ਕੰਮ ਕਰਨਾ ਹੋਵੇਗਾ ਜਿਸਦਾ ਮਤਲੱਬ ਇਹ ਹੈ ਕਿ ਉਨ੍ਹਾਂ ਨੂੰ ਤੁਹਾਡੇ ਵਲੋਂ ਲੀਤੇ ਜਾਣ ਵਾਲੇ ਕਿਸੇ ਵੀ ਫੈਸਲੇ ਸਹਿਮਤ ਹੋਣਾ ਪਵੇਗਾ।

ਤੁਹਾਡੇ Enduring Guardian ਨੂੰ ਦਿੱਤੇ ਜਾਣ ਵਾਲੇ ਅਧਿਕਾਰ ਦੀ ਸੀਮਾ ਤੁਹਾਡੇ ਦੁਆਰਾ ਆਪਣਾ EPG ਬਣਾਉਂਦੇ ਸਮੇਂ ਨਿਰਧਾਰਿਤ ਕੀਤੀ ਜਾਂਦੀ ਹੈ।

Enduring Guardian ਤੁਹਾਡੇ ਵਲੋਂ AHD ਵਿੱਚ ਪਹਿਲਾਂ ਤੋਂ ਸੰਬੋਧਿਤ ਕੀਤੇ ਮਾਮਲਿਆਂ ਬਾਰੇ ਫੈਸਲੇ ਨਹੀਂ ਲੈ ਸਕਦਾ ਹੈ। ਤੁਸੀਂ Office of the Public Advocate ਨੂੰ 1300 858 455 ਤੇ ਟੈਲੀਫੋਨ ਕਰਕੇ ਜਾਂ ਵੈੱਬ-ਸਾਈਟ www.publicadvocate.wa.gov.au ਦੇਖਕੇ Enduring Guardian ਨਿਯੁਕਤ ਕਰਨ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## Advance Care Plan

Advance Care Plan ਤੁਹਾਡੀ ਐਡਵਾਂਸ ਕੇਅਰ ਯੋਜਨਾ ਉੱਤੇ ਹੋਣ ਵਾਲੀ ਚਰਚਾ ਦਾ ਇੱਕ ਰਿਕਾਰਡ ਹੁੰਦਾ ਹੈ ਅਤੇ ਇਹ ਉਨ੍ਹਾਂ ਲੋਕਾਂ ਨੂੰ ਤੁਹਾਡੀ ਨਿਜੀ ਪ੍ਰਾਥਮਿਕਤਾਵਾਂ ਦੀ ਸੂਚਨਾ ਦੇਣ ਦਾ ਇੱਕ ਤਰੀਕਾ ਹੈ ਜੋ ਤੁਹਾਡੀ ਦੇਖਰੇਖ ਕਰ ਰਹੇ ਹਨ।

Advance Care Plan ਵਿੱਚ ਉਨ੍ਹਾਂ ਨਿਜੀ ਪ੍ਰਾਥਮਿਕਤਾਵਾਂ ਦਾ ਵੇਰਵਾ ਸ਼ਾਮਿਲ ਹੋ ਸਕਦਾ ਹੈ ਜੋ ਉੱਤੇ ਦੱਸੇ ਕਿਸੇ ਹੋਰ ਰਸਮੀ ਦਸਤਾਵੇਜਾਂ ਵਿੱਚ ਸ਼ਾਮਿਲ ਨਹੀਂ ਹਨ। ਤੁਹਾਡੀ ਦੇਖਰੇਖ ਵਿੱਚ ਸ਼ਾਮਿਲ ਅਤੇ ਤੁਹਾਡੇ ਲਈ ਵੱਖ-ਵੱਖ ਮਾਮਲਿਆਂ ਦਾ ਪ੍ਰਬੰਧ ਕਰਨ ਵਾਲੇ ਲੋਕਾਂ ਲਈ ਲਾਭਦਾਇਕ ਗਾਈਡ ਦੇ ਤੌਰ ‘ਤੇ ਇਸ ਵਿੱਚ ਕੋਈ ਵਿਸ਼ੇਸ਼ ਖਾਸ ਬਿਨਤੀ ਜਾਂ ਸੁਨੇਹੇ ਦਰਜ ਕੀਤੇ ਜਾ ਸੱਕਦੇ ਹਨ।

ਇਨ੍ਹਾਂ ਵਿੱਚ ਅਜਿਹੀਆਂ ਨਿਜੀ ਪ੍ਰਾਥਮਿਕਤਾਵਾਂ ਸ਼ਾਮਿਲ ਹਨ ਜਿਨ੍ਹਾਂ ਦਾ ਸਿਹਤ ਜਾਂ ਇਲਾਜ ਨਾਲ ਸੰਬੰਧਤ ਹੋਣਾ ਜ਼ਰੂਰੀ ਨਹੀਂ ਹੈ ਪਰ ਜੋ ਤੁਹਾਡਾ ਇਲਾਜ ਕਰਨ ਵਾਲੇ ਸਿਹਤ-ਪੇਸ਼ੇਵਰਾਂ, Enduring Guardian ਅਤੇ/ਜਾਂ ਪਰਿਵਾਰ ਨੂੰ ਇਹ ਜਾਣਕਾਰੀ ਦਿੰਦੀਆਂ ਹੋਣ ਕਿ ਤੁਸੀ ਕਿਹੋ ਜਿਹਾ ਵਿਹਾਰ ਪਸੰਦ ਕਰੋਗੇ ਅਤੇ ਕੀ ਤੁਹਾਡੀ ਕੋਈ ਖਾਸ ਬਿਨਤੀ ਜਾਂ ਸੁਨੇਹੇ ਹਨ, ਜਿਵੇਂ ਕਿ:

- ਤੁਸੀਂ ਕੀ ਚਾਹੁੰਦੇ ਹੋ ਕਿ ਤੁਹਾਡੀ ਦੇਖਰੇਖ ਕਿੱਥੇ ਕੀਤੀ ਜਾਵੇ
- ਤੁਸੀਂ ਕੀ ਚਾਹੁੰਦੇ ਹੋ ਕਿ ਤੁਹਾਡੇ ਨਾਲ ਕੌਣ-ਕੌਣ ਮਿਲਣ ਆਵੇ
- ਤੁਹਾਡਾ ਪਸੰਦੀਦਾ ਸੰਗੀਤ।

ਇਸ ਗਾਈਡ ਨਾਲ ਜੁੜ੍ਹੇ ਫਾਰਮ ਨੂੰ ਪੂਰਾ ਕਰਕੇ ਤੁਸੀਂ ਆਪਣਾ Advance Care Plan ਤਿਆਰ ਕਰ ਸਕਦੇ ਹੋ।

## Living will

‘living will’ ਸ਼ਬਦ ਇਕ ਸਮੀਕਰਨ ਹੈ ਜਿਸਨੂੰ ਕਦੇ-ਕਦੇ ਇੱਕ ਅਜਿਹੇ ਰਿਕਾਰਡ ਦਾ ਵੇਰਵਾ ਦੇਣ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਸਦੇ ਦੁਆਰਾ ਕੋਈ ਵਿਅਕਤੀ ਆਪਣੇ ਭਵਿੱਖ ਦੀ ਅਨੁਮਾਨਿਤ ਸਿਹਤ-ਦੇਖਰੇਖ ਬਾਰੇ ਆਪਣੇ ਵਿਚਾਰ ਦੱਸਦਾ ਹੈ ਜਿਵੇਂ ਕਿ ਕੀ ਉਹ ਵਿਅਕਤੀ ਉਨ੍ਹਾਂ ਖਾਸ ਇਲਾਜ ਸੰਬੰਧੀ ਫੈਸਲਿਆਂ ਦੇ ਸੰਬੰਧ ਵਿੱਚ ਸਹਿਮਤੀ ਦਿੰਦਾ ਹੈ ਜਾਂ ਇਸਨੂੰ ਰੋਕੀ ਰੱਖਦਾ ਹੈ ਜੋ ਉਸਨੂੰ ਭਵਿੱਖ ਵਿੱਚ ਲੈਣ ਦੀ ਉਮੀਦ ਹੈ। Living wills ਦੀ ਵਰਤੋਂ ਦਾ ਉਦੇਸ਼ ਤਦੋਂ ਹੁੰਦਾ ਹੈ ਜਦੋਂ ਇਨ੍ਹਾਂ ਨੂੰ ਤਿਆਰ ਕਰਨ ਵਾਲਾ ਵਿਅਕਤੀ ਆਪਣੇ ਸਿਹਤ-ਦੇਖਰੇਖ ਨਾਲ ਸੰਬੰਧਿਤ ਫੈਸਲੇ ਨਾ ਲੈ ਸਕੇ ਅਤੇ ਨਾ ਹੀ ਇਹ ਫੈਸਲੇ ਦੱਸ ਸਕੇ।

Living wills ਵਿੱਚ ਇਹ ਚੀਜ਼ਾਂ ਸ਼ਾਮਿਲ ਹੋ ਸਕਦੀਆਂ ਹਨ:

- AHDs ਜਿਸਨੂੰ ਰਸਮੀ ਤੌਰ ‘ਤੇ ਕਾਨੂੰਨ ਵਿੱਚ ਮਾਨਤਾ ਪ੍ਰਾਪਤ ਹੈ ਅਤੇ ਜੋ ਦੇਖਰੇਖ ਲਈ ਜੁੰਮੇਵਾਰ ਵਿਅਕਤੀਆਂ ਲਈ ਬੱਝਵਾਂ ਹੈ
- ‘Common law directives’ (CLD), ਯਾਨਿ ਕਿ ਲਿਖਤੀ ਜਾਂ ਮੂੰਹ-ਜ਼ਬਾਨੀ ਕੀਤਾ ਜਾਣ ਵਾਲਾ ਸੰਚਾਰ ਜੋ ਭਵਿੱਖ ਦੀਆਂ ਖਾਸੀਆਂ ਪਰਿਸਥਿਤੀਆਂ ਵਿੱਚ ਪ੍ਰਦਾਨ ਕੀਤੇ ਜਾਣ ਵਾਲੇ ਜਾਂ ਰੋਕੀ ਰੱਖੇ ਜਾਣ ਵਾਲੇ ਸਿਹਤ ਇਲਾਜ ਨਾਲ ਸੰਬੰਧਿਤ ਕਿਸੇ ਵਿਅਕਤੀ ਦੀਆਂ ਪ੍ਰਾਥਮਿਕਤਾਵਾਂ ਨੂੰ ਬਿਆਨ ਕਰਦਾ ਹੈ। common law directives ਦੇ ਸੰਬੰਧ ਵਿੱਚ ਕੋਈ ਰਸਮੀ ਜ਼ਰੂਰਤਾਂ ਨਹੀਂ ਹਨ। ਹਾਲਾਂਕਿ, ਇਹ ਸਥਾਪਤ ਕਰਨ ਵਿੱਚ ਕਾਫ਼ੀ ਮੁਸ਼ਕਲਾਂ ਆ ਸਕਦੀਆਂ ਹਨ ਕਿ ਕੋਈ ਖਾਸ CLD ਕਾਨੂੰਨੀ ਤੌਰ ‘ਤੇ ਜਾਇਜ ਹੈ ਜਾਂ ਨਹੀਂ ਅਤੇ ਕੀ ਇਸਦਾ ਅਨੁਪਾਲਨ ਕੀਤਾ ਜਾ ਸਕਦਾ ਹੈ ਜਾਂ ਨਹੀਂ। ਇਸ ਦੁਵਿਧਾ ਕਰਕੇ ਹੀ ਇਨ੍ਹਾਂ ਦੀ ਸਿਫਾਰਿਸ਼ ਅਨੁਸ਼ੰਸਾ ਨਹੀਂ ਕੀਤੀ ਜਾਂਦੀ ਹੈ।

ਜੇਕਰ ਫੈਸਲੇ ਲੈਣ ਦੀ ਸਮਰਥਾ ਗੁਆ ਬੈਠਣ ਅਦ ਅਜਿਹੀਆਂ ਖਾਸੀਆਂ ਪ੍ਰਾਥਮਿਕਤਾਵਾਂ ਹਨ ਜਿਨ੍ਹਾਂ ਦੀ ਤੁਸੀਂ ਪਾਲਣਾ ਕੀਤੀ ਜਾਣੀ ਚਾਹੁੰਦੇ ਹੋ, ਤਾਂ ਤੁਹਾਨੂੰ AHD ਪੂਰਾ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

# ਹੋਰ ਮਾਮਲੇ

ਘੱਟ ਚੁੱਕੀ ਸਮਰੱਥਾ ਅਤੇ/ਜਾਂ ਜੀਵਨ ਦੇ ਅੰਤ ਦੀ ਸਥਿਤੀ ਦੀ ਉਮੀਦ ਵਿੱਚ ਫੈਸਲੇ ਲੈਂਦੇ ਸਮੇਂ, ਤੁਸੀਂ ਸਿਹਤ ਦੇਖਰੇਖ ਦੇ ਇਲਾਵਾ ਹੋਰ ਮਾਮਲਿਆਂ ਨਾਲ ਜੁੜੇ ਪ੍ਰਬੰਧ ਕਰਨਾ ਵੀ ਪਸੰਦ ਕਰ ਸਕਦੇ ਹੋ।

ਉਦਾਹਰਣ ਲਈ, ਜੇਕਰ ਤੁਸੀਂ ਆਪਣੀ ਜਾਇਦਾਦ ਅਤੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਰਨ ਵਿੱਚ ਅਸਮਰਥ ਹੋ ਜਾਂਦੇ ਹੋ ਤਾਂ ਅਜਿਹਾ ਕਰਨ ਲਈ ਤੁਸੀਂ ਕਿਸੇ ਵਿਅਕਤੀ ਨੂੰ ਨਾਮਜ਼ਦ ਕਰ ਸੱਕਦੇ ਹੋ। ਇਸਦੇ ਲਈ Enduring Power of Attorney (EPA) ਕਹੇ ਜਾਣ ਵਾਲੇ ਇੱਕ ਰਸਮੀ ਦਸਤਾਵੇਜ਼ ਦੀ ਲੋੜ ਹੁੰਦੀ ਹੈ। Office of the Public Advocate ਦੇ ਕੋਲ EPAs (ਸੰਪਰਕ ਵੇਰਵੇ ਲਈ ਸਫਾ 16 ਵੇਖੋ) ਨਾਲ ਸੰਬੰਧਿਤ ਵਧੇਰੀ ਜਾਣਕਾਰੀ ਉਪਲੱਬਧ ਹੈ।

ਜੇਕਰ ਤੁਸੀਂ ਪਹਿਲਾਂ ਹੀ ਵਸੀਅਤ ਨਹੀਂ ਬਣਾਈ ਹੈ, ਤਾਂ ਇਸਨੂੰ ਬਣਾਉਣਾ ਮਹੱਤਵਪੂਰਣ ਹੈ ਤਾਂਜੋ ਤੁਹਾਡੀ ਮੌਤ ਦੇ ਬਾਅਦ ਤੁਹਾਡੀ ਜਾਇਦਾਦ ਅਤੇ ਸੰਪਦਾ ਨੂੰ ਤੁਹਾਡੀ ਪ੍ਰਾਥਮਿਕਤਾਵਾਂ ਮੁਤਾਬਕਰ ਵੰਡਿਆ ਜਾ ਸਕੇ। EPAs ਵਿੱਚ ਇਹ ਸਭ ਸ਼ਾਮਿਲ ਨਹੀਂ ਹੈ। ਜੇਕਰ ਲਾਗੂ ਪਰਿਸਥਿਤੀਆਂ ਵਿੱਚ ਬਦਲਾਵ ਹੁੰਦਾ ਹੈ (ਉਦਾਹਰਣ ਵਜੋਂ: ਨਿਸ਼ਪਾਦਕ ਜਾਂ ਲਾਭਾਰਥੀਆਂ ਦੀ ਮੌਤ ਹੋਣ ਦੀ ਸਥਿਤੀ, ਤਲਾਕ ਦੀ ਸਥਿਤੀ), ਤਾਂ ਸਮੇਂ-ਸਮੇਂ ਉੱਤੇ ਵਸੀਅਤਾਂ ਦੀ ਸਮੀਖਿਆ ਅਤੇ ਸੰਸ਼ੋਧਨ ਕੀਤਾ ਜਾਣਾ ਚਾਹੀਦਾ ਹੈ। Public Trustee ਰਸਮੀ ਤੌਰ ‘ਤੇ ਸਹਾਇਤਾ ਕਰ ਸਕਦਾ ਹੈ ਅਤੇ/ਜਾਂ ਕੁੱਝ ਲਾਗੂ ਸੰਸਾਧਨਾਂ (ਸੰਪਰਕ ਵੇਰਵੇ ਲਈ ਸਫਾ 16 ਵੇਖੋ) ਦਾ ਸੁਝਾਅ ਦੇ ਸਕਦਾ ਹੈ।



# ਦੂਜਿਆਂ ਨੂੰ ਸੂਚਿਤ ਕਰਨਾ

ਦੂਜਿਆਂ ਨੂੰ ਆਪਣੀ ਦੇਖਰੇਖ ਦੇ ਫੈਸਲਿਆਂ ਦੀ ਸੂਚਨਾ ਦੇਣ ਨਾਲ ਤੁਹਾਨੂੰ ਤੁਹਾਡੇ ਕਰੀਬੀ ਲੋਕਾਂ ਨਾਲ ਇਨ੍ਹਾਂ ਫੈਸਲਿਆਂ ਦੀ ਚਰਚਾ ਕਰਨ ਦਾ ਮੌਕਾ ਮਿਲੇਗਾ।

ਜੇਕਰ ਤੁਸੀਂ ਕੋਈ Advance Care Planning ਦਸਤਾਵੇਜ਼ ਪੂਰਾ ਕੀਤਾ ਹੈ (ਉਦਾਹਰਨ  ਵਜੋਂ, Advance Health Directive, Advance Care Plan ਜਾਂ Enduring Power of Guardianship), ਤਾਂ ਇਹ ਮਹਤਵਪੂਰਣ ਹੈ ਕਿ ਤੁਹਾਡੇ ਕਰੀਬੀ ਲੋਕ ਅਤੇ ਤੁਹਾਡੀ ਦੇਖਰੇਖ ਵਿੱਚ ਸ਼ਾਮਿਲ ਕੋਲ ਇਸ ਗੱਲ ਤੋਂ ਜਾਣੂ ਹਨ ਕਿ ਤੁਸੀਂ ਇਹ ਦਸਤਾਵੇਜ਼ ਪੂਰੇ ਕਰ ਲਏ ਹਨ, ਅਤੇ ਇਹ ਕਿੱਥੇ ਪਏ ਹਨ। ਜ਼ਰੂਰੀ ਲੋਕਾਂ ਨੂੰ ਕਾਪੀ ਆਸਾਨੀ ਨਾਲ ਉਪਲਬਧ ਹੋਣੀ ਚਾਹੀਦੀ ਹੈ।

ਯਾਦ ਰੱਖੋ, ਦੂਜਿਆਂ ਨੂੰ ਤਦੋਂ ਤਕ ਤੁਹਾਡੀਆਂ ਪ੍ਰਾਥਮਿਕਤਾਵਾਂ ਪਤਾ ਨਹੀਂ ਚੱਲਣਗੀਆਂ ਜਦੋਂ ਤਕ ਤੁਸੀਂ ਇਨ੍ਹਾਂ ਬਾਰੇ ਉਨ੍ਹਾਂ ਨੂੰ ਨਹੀਂ ਦੱਸੋਗੇ।

ਤੁਸੀਂ ਇਨ੍ਹਾਂ ਗੱਲਾਂ ਤੇ ਵੀ ਵਿਚਾਰ ਕਰ ਸਕਦੇ ਹੋ:

- ਆਪਣੇ ਸਪੇਸ਼ਲਿਸਟ ਅਤੇ/ਜਾਂ ਜਨਰਲ ਪ੍ਰੈਕਟੀਸ਼ਨਰ (GP) ਅਤੇ ਜਿਸ ਕਿਸੇ ਹਸਪਤਾਲ ਵਿੱਚ ਤੁਸੀਂ ਬਾਕਾਇਦਾ ਜਾਂਦੇ ਹੋ, ਉਨ੍ਹਾਂ ਨੂੰ ਇਕ ਕਾਪੀ  ਉਪਲਬਦ ਕਰਾਉਣੀ
- ਆਪਣੇ ਪਰਸ ਜਾਂ ਬਟੂਏ ਵਿੱਚ AHD ਅਲਰਟ ਕਾਰਡ ਜਿਹਾ ਕੋਈ ਅਲਰਟ ਕਾਰਡ ਰੱਖਣਾ ਜਿਸਨਾਲ ਤੁਹਾਡੇ ਸਿਹਤ-ਪੇਸ਼ੇਵਰ ਨੂੰ ਇਹ ਪਤਾ ਚੱਲ ਸਕੇ ਜਿ ਕਾਪੀ ਕਿਥੋਂ ਲੈਣੀ ਹੈ
- Medic Alert www.medicalert.org.au ਦੇ ਨਾਲ ਰਜਿਸਟਰ ਕਰਨਾ<br>ਟੈਲੀਫੋਨ 1800 882 222
- My Health Record www.myhealthrecord.gov.au ਦੇ ਨਾਲ ਰਜਿਸਟਰ ਕਰਨਾ<br>ਟੈਲੀਫੋਨ  1800 723 471
- ਆਪਣੇ ਕਰੀਬੀ ਲੋਕਾਂ ਨੂੰ ਇਹ ਦੱਸਣਾ ਕਿ ਤੁਸੀਂ ਆਪਣੇ ਦਸਤਾਵੇਜ਼ਾਂ ਦੀ ਕਾਪੀ ਕਿੱਥੇ ਰੱਖੀ ਹੈ ਤਾਂਜੋ ਉਨ੍ਹਾਂ ਨੂੰ ਇਹ ਜਾਣਕਾਰੀ ਹੋਵੇ ਕਿ ਇਸਨੂੰ ਸੌਖੇ ਤਰੀਕੇ ਨਾਲ ਕਿਥੋਂ ਲੱਭਣਾ ਹੈ (ਉਦਾਹਰਣ ਲਈ, ਫ੍ਰਿਜ਼ ਦੇ ਮੋਹਰਲੇ ਪਾਸੇ ਜਾਂ ਉਸ ਜਗ੍ਹਾ ਤੇ ਜਿੱਥੇ ਤੁਸੀਂ ਆਮ-ਤੌਰ ਤੇ ਆਪਣੇ ਭੁਗਤਾਨ ਨਾ ਕੀਤੇ ਬਿਲ ਰੱਖਦੇ ਹੋ)
- ਉਨ੍ਹਾਂ ਸਾਰੇ ਲੋਕਾਂ ਦੀ ਸੂਚੀ ਬਣਾਉਣੀ ਜਿਨ੍ਹਾਂ ਕੋਲ ਤੁਹਾਡੇ Advance Care Planning ਦਸਤਾਵੇਜ਼ਾਂ ਦੀ ਵਰਤਮਾਨ ਕਾਪੀ ਹੈ।

# ਗੈਰ-ਤਤਕਾਲੀਨ ਇਲਾਜ ਸੰਬੰਧੀ ਫੈਸਲੇ ਲੈਣ ਦੀ ਪ੍ਰਕ੍ਰਿਆ

ਜੇਕਰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਤੁਸੀਂ ਆਪਣੇ ਫ਼ੈਸਲੇ ਲੈਣ ਵਿੱਚ ਸਮਰੱਥ ਹੋ, ਤਾਂ ਤੁਸੀਂ ਆਪਣੇ ਇਲਾਜ ਸੰਬੰਧੀ ਫ਼ੈਸਲੇ (ਇਲਾਜ ਕਰਨ ਲਈ ਸਹਿਮਤੀ ਜਾਂ ਮਨਾਹੀ ਦੇਣੀ) ਆਪ ਲੈ ਸੱਕਦੇ ਹੋ। ਜੇਕਰ ਤੁਸੀਂ ਆਪਣੇ ਫ਼ੈਸਲੇ ਕਰਨ ਵਿੱਚ ਅਸਮਰਥ ਹੋ ਅਤੇ ਤੁਹਾਨੂੰ ਗੈਰ-ਤਤਕਾਲੀਨ ਇਲਾਜ ਦੀ ਲੋੜ ਹੈ, ਤਾਂ ਹੇਠਾਂ ਦਿੱਤੀ 'ਫੈਸਲੇ ਲੈਣ ਵਾਲਿਆਂ ਦੀ ਲੜੀ' ਮੁਤਾਬਕ ਇਲਾਜ ਸੰਬੰਧੀ ਫੈਸਲੇ ਲਏ ਜਾਣਗੇ।

ਜੇਕਰ ਤੁਹਾਡੇ ਕੋਲ ਉਚਿਤ ਜਾਂ ਜਾਇਜ AHD ਨਹੀਂ ਹੈ, ਤਾਂ ਸਿਹਤ- ਪੇਸ਼ੇਵਰ ਸੂਚੀ ਵਿੱਚੋਂ ਉਸ ਪਹਿਲੇ ਵਿਅਕਤੀ ਤੋਂ ਇਲਾਜ ਸੰਬੰਧੀ ਫ਼ੈਸਲਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਗੇ ਜਿਸਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਵੇ, ਜਿਸਦੇ ਕੋਲ ਪੂਰੀ ਕਾਨੂੰਨੀ ਸਮਰੱਥਾ ਹੋਵੇ ਅਤੇ ਜੋ ਫ਼ੈਸਲਾ ਲੈਣ ਦਾ ਇੱਛੁਕ ਹੋਵੇ ਅਤੇ ਅਜਿਹਾ ਕਰਨ ਲਈ ਉਪਲੱਬਧ ਹੋਵੇ। ਇਸ ਵਿਅਕਤੀ ਨੂੰ 'ਜ਼ਿੰਮੇਦਾਰ ਵਿਅਕਤੀ' ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਜੇਕਰ ਤੁਹਾਡੇ ਜੀਵਨ ਨੂੰ ਬਚਾਉਣ ਜਾਂ ਬੇਲੋੜੇ ਦਰਦ ਨੂੰ ਰੋਕਣ ਲਈ ਤੱਤਕਾਲ ਇਲਾਜ ਦੀ ਲੋੜ ਹੈ, ਤਾਂ ਸਿਹਤ ਪੇਸ਼ੇਵਰ ਸਹਿਮਤੀ ਲਏ ਬਿਨਾਂ ਇਹ ਇਲਾਜ ਪ੍ਰਦਾਨ ਕਰ ਸੱਕਦੇ ਹਨ, ਹਾਲਾਂਕਿ ਲਗਾਤਾਰ ਇਲਾਜ ਲਈ ਉਨ੍ਹਾਂ ਵਾਸਤੇ ਸਹਿਮਤੀ ਲੈਣਾ ਜਰੂਰੀ ਹੋਵੇਗਾ।

## ਫੈਸਲੇ ਲੈਣ ਵਾਲਿਆਂ ਦੀ ਲੜੀ

**Advance Health Directive**

ਫੈਸਲੇ AHD ਮੁਤਾਬਕ ਲੀਤੇ ਜਾਣੇ ਚਾਹੀਦੇ ਹਨ ਬਸ਼ਰਤੇ ਕਿ ਪਰਿਸਥਿਤੀਆਂ ਵਿੱਚ ਬਦਲਾਵ ਨਾ ਹੋ ਗਿਆ ਹੋਵੇ ਜਾਂ ਫੈਸਲੇ ਲੈਣ ਵਾਲੇ ਵਿਅਕਤੀ ਦੁਆਰਾ ਇਸ ਗੱਲ ਦੀ ਉਮੀਦ ਨਾ ਕੀਤੀ ਜਾ ਸਕਦੀ ਹੋਵੇ।

↓

ਅਧਿਕਾਰ ਪ੍ਰਾਪਤ Enduring Guardian

↓

ਅਧਿਕਾਰ ਪ੍ਰਾਪਤ Guardian

↓

ਪਤੀ/ਪਤਨੀ ਜਾਂ ਡਿਫੈਕਟੋ

↓

ਬਾਲਗ ਬੇਟਾ ਜਾਂ ਬੇਟੀ

↓

ਮਾਤਾ-ਪਿਤਾ

↓

ਭਰਾ-ਭੈਣ

↓

ਭੁਗਤਾਨ ਨਾ ਲੈਣ ਵਾਲਾ ਪ੍ਰਾਥਮਿਕ ਦੇਖਰੇਖਕਰਤਾ

↓

ਕਰੀਬੀ ਵਿਅਕਤੀਗਤ ਸੰਬੰਧ ਵਾਲੇ ਹੋਰ ਵਿਅਕਤੀ

# ਵਧੇਰੀ ਜਾਣਕਾਰੀ

ਹੇਠਾਂ ਦਿੱਤੇ ਕਿਸੇ ਵੀ ਦਸਤਾਵੇਜ਼ ਬਾਰੇ ਵਧੇਰੀ ਜਾਣਕਾਰੀ ਲਈ, ਤੁਸੀਂ ਹੇਠਾਂ ਦਿੱਤੇ ਸੰਪਰਕਾਂ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ:

## Advance Health Directive

**Department of Health – Office of the Chief Medical Officer**

ਟੈਲੀਫੋਨ: (08) 9222 2300
ਈ-ਮੇਲ: acp@health.wa.gov.au
ਵੈੱਬ-ਸਾਈਟ: www.health.wa.gov.au/advancecareplanning ਯਾ
www.healthywa.wa.gov.au/advancecareplanning
ਡਾਕ ਪਤਾ: PO Box 8172, Perth Business Centre, PERTH WA 6849

(ਉੱਤੇ ਦਿੱਤੇ ਇੰਟਰਨੇਟ ਪਤੇ ਵਿੱਚ ਇੱਕ ਸੇਲਫ-ਡਾਇਰੇਕਟਿਡ ਈ-ਲਰਨਿੰਗ ਸਾਧਨ ਤਕ ਪਹੁੰਚ ਸ਼ਾਮਿਲ ਹੈ)

## Enduring Power of Guardianship

**Office of the Public Advocate**

ਟੈਲੀਫੋਨ: 1300 858 455; TTY: 1300 859 955
ਈ-ਮੇਲ: opa@justice.wa.gov.au
ਵੈੱਬ-ਸਾਈਟ: www.publicadvocate.wa.gov.au
ਡਾਕ ਪਤਾ: PO Box 6293, EAST PERTH WA 6892

## Enduring Power of Attorney

**Office of the Public Advocate**

ਟੈਲੀਫੋਨ: 1300 858 455; TTY: 1300 859 955
ਈ-ਮੇਲ: opa@justice.wa.gov.au
ਵੈੱਬ-ਸਾਈਟ: www.publicadvocate.wa.gov.au
ਡਾਕ ਪਤਾ: PO Box 6293, EAST PERTH WA 6892

## Will

**Office of the Public Trustee**

ਟੈਲੀਫੋਨ:
1300 746 116 (विल्स, मृतक संपदा और ईपीए)
1300 746 212 (प्रशासन और प्रतिनिधि व्यक्ति)
ਈ-ਮੇਲ: public.trustee@justice.wa.gov.au
ਵੈੱਬ-ਸਾਈਟ: www.publictrustee.wa.gov.au

# ਸ਼ਬਦਾਵਲੀ

ਇਸ ਗਾਈਡ ਵਿੱਚ, ਹੇਠਾਂ ਦਿੱਤੇ ਸ਼ਬਦਾਂ ਦਾ ਮਤਲਬ ਹੇਠਾਂ ਦਿੱਤਾ ਗਿਆ ਹੈ:

### Advance Care Planning

Advance Care Planning ਮਰੀਜ਼ ਦੀਆਂ ਮਾਨਤਾਵਾਂ, ਵਿਚਾਰ-ਧਾਰਾਵਾਂ, ਇਲਾਜ ਅਤੇ ਦੇਖਰੇਖ ਵਿਕਲਪਾਂ ਬਾਰੇ ਰੋਗੀ ਅਤੇ ਉਸਦੇ ਦੇਖਰੇਖਕਰਤਾਵਾਂ, ਉਸਦੇ ਪਰਿਵਾਰ ਅਤੇ ਸਿਹਤ ਪੇਸ਼ੇਵਰਾਂ ਵਿੱਚਕਾਰ ਲਗਾਤਾਰ ਹੋਣ ਵਾਲੀ ਚਰਚਾ ਹੈ। ਇਹ ਉਸ ਪਰਿਸਥਿਤੀ ਵਿੱਚ ਖਾਸ ਤਰੀਕੇ ਨਾਲ ਮਰੀਜ਼ ਦੇ ਭਵਿੱਖ ਦੇ ਇਲਾਜ ਅਤੇ ਦੇਖਰੇਖ ਲਈ ਉਸਦੀਆਂ ਪ੍ਰਾਥਮਿਕਤਾਵਾਂ ਉੱਤੇ ਧਿਆਨ ਕੇਂਦ੍ਰਿਤ ਕਰਦੀ ਹੈ ਜਦੋਂ ਉਹ ਲੋੜ ਪੈਣ ਤੇ ਆਪਣੇ ਫੈਸਲੇ ਲੈਣ ਜਾਂ ਗੱਲਬਾਤ ਕਰਨ ਵਿੱਚ ਸਮਰੱਥ ਨਹੀਂ ਹੋਣਗੇ।

### ਪੂਰੀ ਕਾਨੂੰਨੀ ਸਮਰਥਾ

ਰਸਮੀ ਸਮਝੌਤਾ ਬਣਾਉਣ ਅਤੇ ਉਸ ਵਿੱਚ ਸ਼ਾਮਿਲ ਬਿਆਨਾਂ ਦੇ ਪ੍ਰਭਾਵ ਨੂੰ ਸਮਝਣ ਦੀ ਸਮਰਥਾ।

### ਸਿਹਤ-ਪੇਸ਼ੇਵਰ

ਕੋਈ ਵੀ ਵਿਅਕਤੀ ਜੋ ਕਿਸੇ ਅਜਿਹੇ ਸਿਹਤ ਖੇਤਰ ਨਾਲ ਸੰਬੰਧਿਤ ਪੇਸ਼ੇ ਵਿੱਚ ਕੰਮ ਕਰ ਰਿਹਾ ਹੋਵੇ ਜਿਸ ਵਿੱਚ ਕਿਸੇ ਵਿਸ਼ੇਸ਼ ਸਿੱਖਿਆ ਦੇ ਸਾਰੇ ਸਿੱਧਾਂਤਾਂ ਦਾ ਪ੍ਰਯੋਗ ਕਰਨਾ ਸ਼ਾਮਿਲ ਹੈ, ਇਸ ਵਿੱਚ ਖਾਸ ਤੌਰ 'ਤੇ ਕਾਨੂੰਨ ਦੁਆਰਾ ਪਰਿਭਾਸ਼ਿਤ ਪੇਸ਼ੇ ਨਾਲ ਸੰਬੰਧਿਤ ਵਿਅਕਤੀ ਸ਼ਾਮਿਲ ਹੈ।

### ਜੀਵਨ ਨੂੰ ਬਣਾਏ ਰੱਖਣ ਦੇ ਉਪਾਅ

ਡਾਕਟਰੀ, ਸਰਜਿਕਲ ਜਾਂ ਨਰਸਿੰਗ ਕਾਰਜਵਿਧੀ ਜੋ ਕਿਸੇ ਅਜਿਹੇ ਮਹੱਤਵਪੂਰਣ ਸਰੀਰਕ ਕਾਰਜ ਨੂੰ ਬਦਲਦੀ ਹੈ ਜੋ ਸੁਤੰਤਰ ਤਰੀਕੇ ਨਾਲ ਕੰਮ ਕਰਨ ਵਿੱਚ ਅਸਮਰਥ ਹੁੰਦਾ ਹੈ। ਇਸ ਵਿੱਚ ਸਹਾਇਤਾ-ਪ੍ਰਾਪਤ ਵੈਂਟਿਲੇਸ਼ਨ ਅਤੇ ਕਾਰਡਯੋਪਲਮੋਨੇਰੀ ਰਿਸਾਸਿਟੇਸ਼ਨ ਸ਼ਾਮਿਲ ਹੈ।

### Living will

'living will' ਸ਼ਬਦ ਇਕ ਸਮੀਕਰਨ ਹੈ ਜਿਸਨੂੰ ਕਦੇ-ਕਦੇ ਇੱਕ ਅਜਿਹੇ ਰਿਕਾਰਡ ਦਾ ਵੇਰਵਾ ਦੇਣ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਸਦੇ ਦੁਆਰਾ ਕੋਈ ਵਿਅਕਤੀ ਆਪਣੇ ਭਵਿੱਖ ਦੀ ਅਨੁਮਾਨਿਤ ਸਿਹਤ-ਦੇਖਰੇਖ ਬਾਰੇ ਆਪਣੇ ਵਿਚਾਰ ਦੱਸਦਾ ਹੈ।

### ਪੈਲਿਐਟਿਵ ਕੇਅਰ

ਪੈਲਿਐਟਿਵ ਕੇਅਰ ਦਾ ਮਤਲਬ ਹੈ ਇੱਕ ਡਾਕਟਰੀ, ਸਰਜਿਕਲ ਜਾਂ ਨਰਸਿੰਗ ਕਾਰਜਵਿਧੀ ਜੋ ਕਿਸੇ ਵਿਅਕਤੀ ਦੇ ਦਰਦ, ਬੇਚੈਨੀ ਜਾਂ ਪੀੜਾ ਤੋਂ ਰਾਹਤ ਦਿਲਾਉਣ ਉੱਤੇ ਕੇਂਦ੍ਰਿਤ ਹੁੰਦੀ ਹੈ, ਪਰ ਇਹ ਜੀਵਨ ਨੂੰ ਬਣਾਏ ਰੱਖਣਾ ਦਾ ਉਪਾਅ ਨਹੀਂ ਹੈ।

### ਟਰਮਿਨਲ ਰੋਗ/ਅੰਤਮ ਪੜਾਅ ਦਾ ਰੋਗ

ਕੋਈ ਰੋਗ ਜਾਂ ਅਜਿਹੀ ਹਾਲਤ ਜਿਸਦੇ ਫਲਸਰੂਪ ਮੌਤ ਹੋਣ ਦੀ ਸੰਭਾਵਨਾ ਹੁੰਦੀ ਹੈ। ਟਰਮਿਨਲ ਰੋਗ ਦੇ ਅੰਤਮ ਪੜਾਅ ਦਾ ਮਤਲੱਬ ਹੈ ਕਿ ਦੀ ਰੋਗ ਉਸ ਪੜਾਅ ਵਿੱਚ ਪੁੱਜ ਗਿਆ ਹੈ ਜਿੱਥੇ ਬਹਾਲੀ ਅਤੇ ਲੱਛਣਾਂ ਵਿੱਚ ਕਮੀ ਹੋਣ (ਸਥਾਈ ਜਾਂ ਅਸਥਾਈ ਆਧਾਰ ਉੱਤੇ) ਦੀ ਕੋਈ ਪੱਕੀ ਸੰਭਾਵਨਾ ਨਹੀਂ ਹੈ।

### ਇਲਾਜ

ਕੋਈ ਵੀ ਡਾਕਟਰੀ, ਸਰਜਿਕਲ ਜਾਂ ਦੰਦਾਂ ਦਾ ਡਾਕਟਰੀ ਜਾਂ ਹੋਰ ਸਿਹਤ-ਦੇਖਰੇਖ, ਇਸ ਵਿੱਚ ਜੀਵਨ ਬਣਾਏ ਰਖੱਣ ਦੇ ਉਪਾਅ ਜਾਂ ਪੈਲਿਐਟਿਵ ਕੇਅਰ ਸ਼ਾਮਿਲ ਹੈ।

### ਇਲਾਜ ਸੰਬੰਧੀ ਫੈਸਲੇ

ਵਿਅਕਤੀ ਦਾ ਕਿਸੇ ਵੀ ਇਲਾਜ ਸ਼ੁਰੂ ਕਰਨ ਜਾਂ ਜਾਰੀ ਰੱਖਣ ਲਈ ਸਹਿਮਤੀ ਜਾਂ ਅਸਹਿਮਤੀ ਦੇਣ ਦਾ ਫੈਸਲਾ।

# ਟਿੱਪਣੀਆਂ



# ਟਿੱਪਣੀਆਂ

# ਟਿੱਪਣੀਆਂ

ਬਿਨਤੀ ਕੀਤੇ ਜਾਣ ਤੇ ਇਹ ਦਸਤਾਵੇਜ਼ ਕਿਸੇ ਅਪਾਹਜ ਵਿਅਕਤੀ ਲਈ ਵੈਕਲਪਿਕ ਪ੍ਰਤੀਰੂਪਾਂ (ਫਾਰਮੇਟ) ਵਿੱਚ ਉਪਲਬਧ ਕਰਾਇਆ ਜਾ ਸਕਦਾ ਹੈ।

Produced by WA Cancer and Palliative Care Network
© Department of Health 2017

Copyright to this material is vested in the State of Western Australia unless otherwise indicated. Apart from any fair dealing for the purposes of private study, research, criticism or review, as permitted under the provisions of the *Copyright Act 1968*, no part may be reproduced or re-used for any purposes whatsoever without written permission of the State of Western Australia.

WCP-012586 JUL'17